# ਹਾਂਗ ਕਾਂਗ ਦੇ ਜਹਾਜ ਕਾਮਾਂ ਗਾਟਾ ਮਾਰੂ ਦਾ ਦੁਖਾਂਤ

*ਜਦੋਂ ਕੌਮ ਤੇ ਨ੍ਹੇਰੀ ਝੁੱਲ ਜਾਦੀ,ਮਰ ਜਾਦੇ ਜੋ ਦਲੇਰ ਹੁੰਦੇ!*
*ਕੌਣ ਪੁੱਛਦਾ ਕਾਂਵਾਂ ਤੇ ਗਿੱਦੜਾਂ ਨੂੰ,ਬੰਦ ਪਿੰਜਰੇ ਦੇ ਵਿੱਚ ਹਨ ਸ਼ੇਰ ਹੁੰਦੇ!*

ਕਾਂਮਾਂ ਗਾਟਾ ਮਾਰੂ ਜਾਪਾਨੀ ਜਹਾਜ ਸੀ ਜੋ ਕਿ ਹਾਂਗ ਕਾਂਗ ਤੋ ਸੰਘਈ(ਚੀਨ)ਯੋਕੋ ਹਾਂਮਾਂ (ਜਾਪਾਨ) ਤੇ ਫਿਰ ਚੱਲ ਪਿਆ ਵੈਨਕੋਵਰ ਬ੍ਰਿਟਿਸ਼ ਕੋਲੰਬੀਆ। 1914 ਦੇ ਵਿੱਚ ਇਸ ਵਿੱਚ 376 ਯਾਤਰੀ ਸਨ ਤੇ ਇਹ ਸਾਰੇ ਪੰਜਾਬੀ ਸਨ। ਪਰ ਜਦੋ ਇਹ ਸਮੁੰਦਰੀ ਜਹਾਜ ਕਨੇਡਾ ਪਹੁੰਚਿਆ ਤਾਂ ਉਥੇ ਕਿਸੇ ਨੂੰ ਵੀ ਕਨੇਡਾ ਉਤਰਨ ਨਾਂ ਦਿੱਤਾ ਤੇ ਵਾਪਸ ਇੰਡੀਆਂ ਨੂੰ ਜਾਣ ਵਾਸਤੇ ਮਜਬੂਰ ਕੀਤਾ। ਇਨ੍ਹਾਂ ਵਿੱਚ ਸਿੱਖ 340 ਮੁਸਲਮਾਨ 24 ਤੇ ਹਿੰਦੂ 12 ਸਨ ਤੇ ਇਹ ਸਾਰੇ ਬ੍ਰਿਟਿਸ਼ ਗੌਰਮਿੰਟ ਦੇ ਅਧੀਨ ਸਨ। ਜਾਂ ਇਹ ਕਹਿ ਲੋ ਇਹ ਬ੍ਰਿਟਿਸ਼ ਇੰਅਡਨ ਸਨ। ਵੀਹਵੀ ਸਦੀ ਵਿੱਚ ਇਹ ਸਭ ਤੋ ਬਦਨਾਮੀ ਵਾਲੀ ਗੱਲ ਸੀ ਕਿ ਕਨੇਡਾ ਤੇ ਅਮਰੀਕਾ ਨੇ ਰੂਪ ਰੇਖਾ ਤਿਆਰ ਕੀਤੀ ਕਿ ਏਸ਼ੀਆ ਦੇ ਲੋਕਾਂ ਨੂੰ ਦੂਰ ਹੀ ਰੱਖਿਆ ਜਾਵੇ।
ਬਾਬਾ ਗੁਰਦਿੱਤ ਸਿੰਘ ਜੇ ਕਿ ਅੰਮ੍ਰਿਤਸਰ ਦੇ ਸਰਹਾਲੀ ਇਲਾਕੇ ਦਾ ਸੀ ਜਿਸਦਾ ਸਿੰਘਾ ਪੁਰ ਵਿੱਚ ਆਵਦਾ ਕਾਰੋ ਬਾਰ ਸੀ। ਉਹ ਦੀ ਪੰਜਾਬੀਆਂ ਦੀ ਤਕਲੀਫ ਨੂੰ ਜਾਣਦਾ ਸੀ ਕਿ ਪੰਜਾਬੀਆਂ ਨੂੰ ਕਨੇਡਾ ਵਿੱਚ ਜਾਣ ਤੇ ਰੋਕ ਹੈ। ਉਹ ਕਨੇਡਾ ਦੀ ਇਸ ਕਾਨੂੰਨ ਨੂੰ ਹਾਰ ਦੇਣੀ ਚਾਹੁੰਦਾਂ ਸੀ ਤਾਂ ਉਸਨੇ ਜਾਪਾਨ ਦਾ "ਕਾਂਮਾਂ ਗਾਟ ਮਾਰੂ" ਆਵਦੇ ਦੇਸ਼ ਵਾਸੀਆਂ ਦੀ ਮੱਦਦ ਜਹਾਜ ਕਿਰਾਏ ਤੇ ਲੈਕੇ ਹਾਂਗ ਕਾਂਗ ਗੁਰਵਾਰਾ ਸਹਿਬ ਵਿਖੇ ਅਰਦਾਸਾ ਸੋਧ ਕੇ ਕਨੇਡਾ ਨੂੰ ਵੱਲ ਕੂਚ ਕਰ ਦਿੱਤਾ। ਜਹਾਜ ਵਾਹੋ ਦਾਹ ਆਪਣੀ ਮੰਜਲ ਵੱਲ ਤੇਜੀ ਨਾਲ ਵਧ ਰਿਹਾ ਸੀ ਜਿਸਨੂੰ ਵਾਪਸ ਕਰਨ ਵਾਸਤੇ ਕਨੇਡਾ ਗੌਰਮਿੰਟ ਉਡੀਕ ਕਰ ਰਹੀ ਸੀ ਤੇ ਕਨੇਡਾ ਦੇ ਸਿੰਘ ਇਹਨਾਂ ਦੀ ਵਾਪਸੀ ਰੁਕਵਾਉਣ ਦੀ ਉਡੀਕ ਵਿੱਚ ਸਨ!

ਸੰਨ 1900 ਵਿੱਚ 2050 ਇੰਡੀਅਨ ਕਨੇਡਾ ਵਿੱਚ ਸਨ ਜਿੰਨ੍ਹਾਂ ਵਿੱਚ ਪੰਜਾਬੀ ਜਿਆਦਾ ਸਨ। ਇਹ ਸਾਰੇ ਕੰਮ ਦੀ ਤਲਾਸ਼ ਵਿੱਚ ਕਨੇਡਾ ਆਏ ਸਨ। ਤਾਂ ਕਿ ਘਰ ਦੇ ਹਾਲਾਤ ਠੀਕ ਕਰ ਸਕੀਏ। ਪਰ ਇਹਨਾਂ ਪੰਜਾਬੀਆਂ ਨੂੰ ਦੁੱਖਾਂ ਤਕਲੀਫਾਂ ਤੋ ਇਲਾਵਾ ਨਫਰਤ ਦਾ ਸ਼ਿਕਾਰ ਵੀ ਹੋਣਾਂ ਪਿਆ। ਸੰਨ 1907 ਵਿੱਚ ਇੰਡੀਅਨ ਤੋ ਵੋਟ ਦਾ ਅਧਿਕਾਰ ਖੋਹ ਲਿਆ ਗਿਆ ਜੱਜ,ਵਕੀਲ,ਦਵਾਈਆਂ ਨਹੀ ਬਣਾਂ ਸਕਦਾ ਸੀ ਡਾਕਟਰ,ਪਬਲਿਕ ਆਫਿਸ,ਅਕਾਊਟੈਂਟ ਇਹ ਸਾਰੇ ਕੰਮ ਇੰਡੀਅਨ ਨਹੀ ਕਰ ਸਕਦੇ ਸਨ ਪਰ ਭਾਂਵੇ ਇੰਡੀਆ ਉਵੇ ਕਨੇਡਾ ਸੀ ਕਿਉਕਿ ਇਹ ਬ੍ਰਿਟਿਸ਼ ਕੋਲੰਬੀਆ ਬ੍ਰਿਟਿਸ਼ ਦਾ ਹਿੱਸਾ ਸੀ। ਜੋ ਕੰਮ ਕੋਈ ਨਹੀ ਸੀ ਕਰਦਾ ਉਹ ਇੰਡੀਅਨ ਕਰਦੇ ਸਨ। ਇੰਡੀਅਨਾ ਦਾ ਕਨੇਡਾ ਆਉਣਾਂ ਕਨੇਡਾ ਵਾਲਿਆਂ ਨੂੰ ਪਸੰਦ ਨਹੀ ਸੀ। ਕਿਉਕਿ ਜੇ ਇੰਡੀਅਨ ਖਾਸ ਕਰਕੇ ਪੰਜਾਬੀ ਕਨੇਡਾ ਆ ਗਏ ਤਾਂ ਸਾਰੇ ਕੰਮ ਪੰਜਾਬੀ ਸਾਂਭ ਲੇਣਗੇ। ਸੰਨ 1908 ਤੇ 1909 ਦੇ ਦੌਰਾਨ ਸ਼ਹੀਦ ਮੇਵਾ ਸਿੰਘ ਹਿੰਦੋਸਤਾਨੀਆਂ ਦਇ ਹਿੱਤਾਂ ਵਾਸਤੇ ਲੜਦਾ ਸੀ ਉਸ ਨਾਲ ਪੈਰ ਪੈਰ ਤੇ ਵਿਤਕਰਾ ਕੀਤਾ ਜਾਦਾ ਸੀ। ਉਸਨੇ ਅੰਰੇਜਾ ਦੇ ਪਿੱਠੂ "ਹਾਂਮਕਿੰਨ" ਨੂੰ ਮਾਰ ਦਿੱਤਾ ਸੀ ਤੇ ਉਸਨੂੰ ਫਾਸੀ ਹੋ ਗਈ ਸੀ। ਇੱਕ ਸ਼ਾਹੀ ਮੀਟਿੰਗ ਲੰਡਨ ਵਿੱਚ ਹੋਈ ਉਹਨਾਂ ਨੂੰ ਪਤਾ ਲੱਗਾ ਕਿ ਇੰਡੀਅਨ 1905 ਵਾਲੀ ਗੋਰੇ ਅਟਰੈਲੀਅਨ ਵਾਲੀ ਪਾਲਸੀ ਨਿਊਜ਼ੀ ਲੈਂਡ ਨੇ ਲੈ ਲਈ ਹੈ।

ਫਿਰ ਕਨੇਡਾ ਨੇ ਇੰਡੀਅਨ ਦਾ ਕਨੇਡਾ ਵਿੱਚ ਦਾਖਲੇ ਤੇ ਪਬੰਦੀ ਲਾ ਦਿਤੀ। ਤਾਂ ਲੰਡਨ ਨੇ ਕਿਹਾ ਕਿ ਇਸ ਤਰ੍ਹਾ ਇੰਡੀਅਨ ਨੂੰ ਰੋਕਣ ਤੇ ਇੰਡੀਅਨ ਦੇ ਅੰਦਰ ਅੱਗ ਭੜਕ ਪਵੇਗੀ। ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕਨੇਡਾ ਵਾਲਿਆਂ ਨੇ ਇੰਡੀਅਨ ਨੂੰ ਟੇਢੇ ਮੇਢੇ ਤਰੀਕੇ ਨਾਲ ਇੰਡੀਅਨਾ ਰੋਕ ਲਾ ਦਿੱਤੀ। ਦੇਖੋ ਇੰਗਲੈਂਡ ਦੇ ਗੋਰਿਆਂ ਦੀ ਚਾਲ ਇੰਡੀਆ ਦੇ ਲੋਕਾਂ ਤੇ ਰਾਜ ਕਰੇ ਤੇ ਬ੍ਰਿਟਿਸ ਕੋਲੰਬੀਆਂ ਵਿੱਚ ਵੜਨ ਨਾਂ ਦੇਵੇ ਜਦੋ ਕਿ ਕਾਨੂੰਨੀ ਤੌਰ ਤੇ ਇੰਡੀਅਨ ਨੂੰ ਵੈਨਕੋਵਰ ਵਿੱਚ ਆਉਣ ਦਾ ਪੂਰਾ ਹੱਕ ਸੀ। ਪਰ ਹੱਕ ਨੂੰ ਕੌਣ ਪੁਛਦਾ ਹੈ ਜਿਸਦਾ ਰਾਜ ਉਸਦਾ ਤੇਜ। ਗੋਰਿਆਂ ਚਾਲ ਚੱਲੀ ਕਿ ਸੱਪ ਵੀ ਮਰ ਜਾਵੇ ਸੋਟਾ ਵੀ ਨਾਂ ਟੁੱਟੇ ਕਿ ਜੋ ਵੀ ਕਨੇਡਾ ਵਿੱਚ ਐਂਟਰ ਹੋਵੇਗਾ ਉਸ ਕੋ 200 ਡਾਲਰ ਹੋਣੇ ਚਾਹੀਦੇ ਹਨ ਉਸ ਵਕਤ 5 ਡਾਲਰ ਪਿੰਡ ਮਾਰੇ ਤੋ ਨਹੀ ਮਿਲਦੇ ਸਨ। ਕਿਉਕਿ ਉਸ ਵਕਤ 10 ਸੈਂਟ(ਪੈਸੈ) ਦਿਹਾੜੀ ਦੇ ਬਣਦੇ ਸਨ ਤੇ ਇੱਕ ਮਹੀਨੇ ਵਿੱਚ ਤਿੰਨ ਡਾਲਰ ਖਾ ਪੀ ਕੇ 200 ਡਾਲਰ ਜਮਾਂ ਕਰਨ ਵਾਸਤੇ ਘੱਟੋ ਘੱਟ 10 ਸਾਲ ਚਾਹੀਦੇ ਸਨ। ਦੂਜਾ ਪੰਜਾਬੀਆਂ ਨੂੰ ਦਿਹਾੜੀ 10 ਸੈਂਟ ਤੋ ਗੋਰਿਆਂ ਨੂੰ 13-14 ਪਰ ਇਹ ਸਾਰੇ ਦੇਸ਼ਾਂ ਵਿੱਚ ਹੈ ਹਾਂਗ ਕਾਂਗ ਵਿੱਚ ਵੀ ਚੀਨਿਆਂ ਨੂੰ ਜਿਆਦਾ ਤੇ ਸਾਨੂੰ ਘੱਟ ਪੰਜਾਬ ਵਿੱਚ ਪੰਜਾਬੀ ਮਜਦੂਰਾਂ ਨੂੰ ਜਿਆਦਾ ਤੇ ਭਈਆਂ ਨੂੰ ਘੱਟ। ਸੋ 10 ਸੈਂਟ ਦਿਹਾੜੀ ਨਾਲ ਕੁਛ ਬਣਦਾ ਨਹੀ ਸੀ ਤਾਂ ਪੰਜਾਬੀਆਂ ਨੇ ਦੂਹਰੀ ਦੂਹਰੀ ਸ਼ਿਫਟ ਲਾਉਣੀ ਤਾਂ ਕਿ ਹਿਸਾਬ ਕਿਤਾਬ ਬਰਾਬਰ ਰੱਖਿਆ ਜਾ ਸਕੇ ਮਤਲਬ ਗੋਰਿਆਂ ਨਾਲੋ ਦੁਗਣਾਂ ਕੰਮ ਕਰਕੇ ਗੁਜ਼ਾਰਾ ਚਲਦਾ ਸੀ ਵੈਸੈ ਕਿਸੇ ਫਿਰਲਾਸਫਰ ਨੇ ਵੀ ਕਿਹਾ ਹੈ-
"*ਕੋਈ ਵੀ ਪ੍ਰਵਾਸੀ ਕਿਸੇ ਦੂਜੇ ਦੇਸ਼ ਵਿੱਚ ਕਮਾਉਣ ਗਿਆ ਉਸਨੂੰ ਸਥਾਂਨਕ ਲੋਕਾਂ ਨਾਲੋ ਦੁੱਗਣਾਂ ਕੰਮ ਕਰਨਾ ਪਿਆ।*
*ਇਸ ਆਮੀਦ ਵਿੱਚ ਕਿ ਸਾਇਦ ਹਾਲਾਤ ਠੀਕ ਹੋ ਜਾਣ ਆਵਦੇ ਵਾਸਤੇ ਨਹੀ ਤਾਂ ਆਵਦੇ ਬੱਚਿਆ ਵਾਸਤੇ ਹੀ ਸਹੀ*"।

ਤੀਜਾ ਇਸ ਐਟਰੀ ਦਾ ਨਾਂ ਸੀ ਲਗਾਤਾਰ ਸਫਰ ਪਾਲਸੀ ਇਸ ਪਾਲਸੀ ਵਿੱਚ ਐਂਟਰ ਹੋਇਆ ਬੰਦਾ ਕਨੇਡਾ ਦੀ ਸਿਟੀਜਨ ਨਹੀ ਸੀ ਲੈ ਸਕਦਾ ਇਸ ਦਾ ਭੇਤ ਉਦੋ ਖੁੱਲਿਆ ਜਦੋ ਇੰਡੀਅਨਾਂ ਨੇ ਸਿਟੀਜ਼ਨ ਸ਼ਿੱਪ ਵਾਸਤੇ ਅਪਲਾਈ ਕੀਤਾ। ਇਸ ਆਵਜਾਈ ਦਾ ਕਨੇਡਾ ਨੂੰ ਬਹੁਤ ਫਾਇਦਾ ਹੋਇਆ ਜੋ ਕਿ ਵੈਨਕੋਵਰ ਤੋ ਕਲਕੱਤਾ ਵਿਚਾਲੇ ਸ਼ਿਪ ਚਲਦਾ ਸੀ। ਇਸਦੇ ਬਾਵਜੂਦ ਵੀ ਕਨੇਡਾ ਗੌਰਮਿੰਟ ਨੇ ਜਹਾਜ ਕੰਪਨੀ ਤੋ ਕਲਕਤਾ ਤੋ ਵੈਨਕੋਵਰ ਵਾਲਾ ਜਹਾਜ ਬੰਦ ਕਰਵਾ ਦਿੱਤਾ। ਤੇ ਸਾਰੀਆਂ ਜਹਾਜ ਕੰਪਨੀਆਂ ਨੂੰ ਆਖ ਦਿੱਤਾ ਕਿ ਕੋਈ ਵੀ ਕੰਪਨੀ ਇੰਡੀਅਨ ਨੂੰ ਟਿਕਟ ਨਾਂ ਦੇਵੇ ਜਿਸ ਦੇ ਕਾਰਨ ਇੰਡੀਆ ਤੋ ਕਨੇਡਾ ਆਉਣਾਂ ਬਿਲਕੁੱਲ ਬੰਦ ਹੋ ਗਿਆ। ਜਦੋ ਕਿ ਜਾਪਾਨ ਤੇ ਚੀਨ ਵਿੱਚੋ ਲੋਕ ਲਗਾਤਾਰ ਕਨੇਡਾ ਵਿੱਚ ਆ ਰਹੇ ਸਨ।

ਏਸ਼ੀਅਨ ਦੇ ਦਾਖਲਾ ਰੋਕਣ ਵਾਸਤੇ ਇਸ ਤਰ੍ਹਾਂ ਦੇ ਕਈ ਨਾਟਕ ਕਨੇਡਾ ਗੌਰਮਿੰਟ ਨੇ ਵਾਈਟ ਕਨੇਡਾ(ਗੋਰਾ ਕਨੇਡਾ) ਪਾਲਸੀ ਛੁਪਾਉਣ ਵਾਸਤੇ ਕੀਤੇ ਇਸ ਪਾਲਸੀ ਦਾ ਮਤਲਬ ਸੀ ਕਨੇਡਾ ਵਿੱਚ ਗੋਰੇ ਹੀ ਹੋਣ ਕੋਈ ਏਸ਼ੀਅਨ ਨਾਂ ਹੋਵੇ। ਏਸ਼ੀਅਨਾਂ ਤੇ ਪਾਬੰਦੀ ਸੀ ਜਦੋ ਕਿ 1913 ਵਿੱਚ ਚਾਰ ਲੱਖ ਯਰਪੀਨ ਨੂੰ ਕਨੇਡਾ ਵਿੱਚ ਰਹਿਣ ਵਾਸਤੇ ਇਜ਼ਾਜ਼ਤ ਦੇ ਦਿੱਤੀ। ਇੰਨੀ ਪਾਬੰਦੀ ਦੇ ਬਾਵਜੂਦ ਬਾਬਾ ਗੁਰਦਿੱਤ ਸਿੰਘ ਜੀ ਨੇ ਕਾਮਾ ਗਾਟਾ ਮਾਰੂ ਜਹਾਜ ਕਿਰਾਏ ਤਾਂ ਕਿ ਇੰਡੀਅਨਾ ਵਾਸਤੇ ਕਨੇਡਾ ਦਾ ਰਾਹ ਖੁੱਲ ਜਾਵੇ।

ਬਾਬਾ ਗੁਰਦਿੱਤ ਸਿੰਘ,ਭਾਈ ਦਲਜੀਤ ਸਿੰਘ ਤੇ ਉਹਨਾਂ ਦੇ ਦੋਸਤ ਭਾਈ ਵੀਰ ਸਿੰਘ ਜੋ ਕਿ ਫੀਰੋਜ਼ਪੁਰ ਤੋ ਸੀ ਇਹ ਸਾਰੇ ਹਾਂਗ ਕਾਂਗ ਦੇ ਗੁਰਦਵਾਰਾ ਸਾਹਿਬ ਵਿੱਚ ਮੌਜੂਦ ਸਨ। ਭਾਈ ਦਲਜੀਤ ਸਿੰਘ ਨੇ ਕਨੇਡਾ ਵਾਸਤੇ ਟਿਕਟਾਂ ਵੇਚਣੀਆਂ ਸੁਰੂ ਕਰ ਦਿੱਤੀਆਂ। ਜਹਾਜ ਤੁਰਨ ਤੋ ਦੋ ਦਿਨ ਪਹਿਲਾਂ ਹਾਂਗ ਕਾਂਗ ਪਲੀਸ ਨੇ ਬਾਬਾ ਗੁਰਦਿੱਤ ਸਿੰਘ ਨੂੰ ਗੈਰ ਕਾਨੂੰਨੀ ਜਹਾਜ ਹਾਂਗ ਕਾਂਗ ਤੋ ਕਨੇਡਾ ਲਿਜਾਣ ਦੇ ਜੁਰਮ ਵਿੱਚ ਗ੍ਰਿਫਤਾਰ ਕਰ ਲਿਆ ਕਿਉਕਿ ਜਹਾਜ ਇਸਦੇ ਨਾਂ ਤੇ ਕਿਰਾਏ ਤੇ ਲਿਆ ਸੀ। ਪਰ ਇਸਨੂੰ ਜਮਾਨਤ ਤੇ ਛੁਡਾ ਲਿਆ ਗਿਆ। ਬਾਬਾ ਗੁਰਦਿੱਤ ਸਿੰਘ ਨੇ 1500 ਟਨ ਕੋਲਾ ਲੈਕੇ ਵੀ ਜਹਾਜ ਵਿੱਚ ਰੱਖ ਲਿਆ ਕਿ ਇਹ ਕੋਲਾ ਕਨੇਡਾ ਵਿੱਚ ਵੇਚ ਕੇ ਕਨੇਡਾ ਤੋ ਸਮਾਨ ਖ੍ਰੀਦ ਕੇ ਪੱਛਮ ਦੇਸਾਂ ਵਿੱਚ ਵੇਚ ਦੇਵਾਂਗਾ।

ਹਾਂਗ ਕਾਂਗ ਤੋ 4 ਅਪ੍ਰੈਲ ਨੂੰ 165 ਆਦਮੀ ਲੈਕੇ 8 ਅਪ੍ਰੈਲ ਨੂੰ ਛੰਗਈ ਵੱਲ ਨੂੰ ਰਵਾਨਾਂ ਹੋ ਗਿਆ ਤਾਂ ਜਰਮਨ ਦੀ ਪ੍ਰੈਸ ਕੰਪਨੀ ਨੇ ਤਾਰ ਰਾਹੀ ਬ੍ਰਿਟਿਸ਼ ਕੋਲੰਬੀਆਂ ਨੂੰ ਖਬਰ ਦੇ ਦਿੱਤੀ ਕਿ ਕਾਂਮਾ ਗਾਟਾ ਮਾਰੂ ਜਹਾਜ 400 ਇੰਡੀਅਨ ਲੈਕੇ ਵੈਨਕੋਵਰ ਜਾ ਰਿਹਾ ਹੈ ਤਾਂ ਇਹ ਖਬਰ ਵੈਨਕੋਵਰ ਦੇ ਅਖਬਾਰਾ ਦੀ ਹਿੱਡ ਲਾਈਨ ਬਣ ਗਈ। ਨਾਲ ਨਾਲ ਅਖਬਾਰ ਵਾਲਿਆਂ ਨੇ ਮਸਾਲਾ ਲਗਾਂ ਕੇ ਲਿਖਿਆ ਕਿ "ਕਨੇਡਾ ਤੇ ਹਿੰਦੋਸਤਾਨੀਆਂ ਦਾ ਹਮਲਾ"। ਇਹ ਖਬਰ ਪੜਕੇ ਕਨੇਡਾ ਗੌਰਮਿੰਟ ਜਹਾਜ ਦੀ ਉਡੀਕ ਕਰਨ ਲੱਗੀ ਕਿ ਕਦੋ ਜਹਾਜ ਆਵੇ ਤੇ ਅਸੀ ਵਾਪਸ ਕਰੀਏ,ਦੂਜੇ ਪਾਸੇ ਵੈਨਕੋਵਰ ਦੇ ਗੁਰਦਵਾਰਾ ਸਹਿਬ ਵਿਖੇ ਮੀਟਿੰਗਾਂ ਹੋਣ ਲੱਗੀਆਂ ਕਿ ਕਦੋ ਜਹਾਜ ਆਵੇ ਤੇ ਅਸੀ ਵਾਪਸ ਜਾਣ ਤੋ ਰੋਕੀਏ। ਸੋ ਗੁਰਦਵਾਰਾ ਕਮੇਟੀ ਨੇ ਜਿੰਨਾ ਹੋ ਸਕਿਆ ਕਾਮਾ ਗਾਟਾ ਮਾਰੂ ਦੇ ਮੁਸਾਫਰਾਂ ਵਾਸਤੇ ਪੈਸਾ ਇਕੱਠਾ ਕੀਤਾ।

14 ਅਪ੍ਰੈਲ ਨੂੰ ਯੋਕੋਹਾਂਮਾਂ ਜਾਪਾਨ ਪਹੁੰਚ ਗਿਆ। ਭਾਈ ਬਲਵੰਤ ਸਿੰਘ ਵੀ ਮੂਜੀ ਤੋ ਕੋਬੇ(ਜਾਪਾਨ) ਦਾ ਸਫਰ ਕਰ ਰਿਹਾ ਸੀ ਉਸਨੇ ਵੀ ਗੋਰਿਆਂ ਦੀ ਚਾਲ ਬਾਰੇ ਦੱਸਿਆ।ਗਿਆਨੀ ਭਗਵਾਨ ਸਿੰਘ ਵੀ ਜਪਾਨ ਤੋ ਦੀ ਯੋਕੋਹਾਮਾਂ ਬੰਦਰਗਾਹ ਤੋ ਚੜਿਆ ਸੀ ਉਸਨੂੰ 9 ਨਵੰਬਰ 1913 ਨੂੰ ਕਨੇਡਾ ਤੋ ਡੀਪੋਰਟ ਕਰ ਦਿੱਤਾ। ਪ੍ਰੋਫੈਸਰ ਬਰਕਤ ਉਲਾ ਜੋ ਕਿ ਹਿੰਦੋਸਤਾਨੀ ਯੂਨੀਵਰਸਿਟੀ ਟੋਕੀਓ ਵਿੱਚ ਸੀ ਉਹ ਵੀ ਕਾਮਾਂ ਗਾਟਾ ਮਾਰੂ ਦੇ ਯਾਤਰੀਆਂ ਨੂੰ ਮਿਲਿਆ। ਜਾਪਾਨ ਪਹੁੰਚਣ ਤੇ ਕੁੱਲ ਮਿਲਾ ਕੇ 376 ਬੰਦੇ ਹੋ ਗਏ ਕਿਉਕਿ ਕੁਛ ਬੰਦੇ ਛੰਘਈ ਤੋ ਵੀ ਚੜੇ ਸਨ। ਸੋ 3 ਮਈ ਨੂੰ 376 ਬੰਦੇ ਲੈ ਕੇ ਬੰਦਰਗਾਹ '*ਬੁਰਾਡ ਇਨ ਲਿਟ*' ਵੈਨਕੋਵਰ ਦੇ ਨੇੜੇ 23 ਮਈ ਨੂੰ ਪਹੁੰਚ ਗਿਆ। ਪਰ ਉਥੇ ਪਹੁੰਚਦੇ ਹੀ ਸ਼ਿਪ ਨੂੰ ਹਥਿਆਰ ਬੰਦ ਫੌਜ ਨੇ ਕੈਦ ਕਰ ਲਿਆ ਗਿਆ।

ਸਮੁੰਦਰ ਦੇ *ਕਿਨਾਰੇ ਦੀ ਕਮੇਟੀ* ਨੇ ਜਿੰਨਾਂ ਵਿੱਚ ਹੁਸੈਨ ਰਹੀਮ ਤੇ ਸੋਹਨ ਲਾਲ ਪਾਠਕ ਸਨ ਇਹਨਾਂ ਨੇ ਵੈਨਕੋਵਰ ਡੋਮੀਨੀਅਨ ਹਾਲ ਵਿੱਚ ਧਰਨਾਂ ਦਿੱਤਾ ਉਥੇ ਕਨੇਡਾ ਤੇ ਅਮਰੀਕਾ ਦੀ ਮੀਟਿੰਗ ਸੀ। ਉਹਨਾਂ ਨੂੰ ਇਹ ਕਿਹਾ ਅਸੀ ਏਸ਼ੀਅਨ ਨਹੀ ਅਸੀ ਬ੍ਰਿਟਿਸ਼ ਇੰਡੀਅਨ ਹਾਂ। ਪਰ ਗੋਰੇ ਫਿਰ ਵੀ ਨਾਂ ਮੰਨੇ ।*ਸਮੁੰਦਰ ਕਿਨਾਰਾ ਕਮੇਟੀ* ਨੇ 22,000 ਡਾਲਰ ਸ਼ਿੱਪ ਵਾਲਿਆਂ ਵਾਸਤੇ ਖਾਂਣ ਪੀਣ ਤੇ ਕਾਨੂੰਨੀ ਕਾਰਵਾਈ ਕਰਨ ਵਾਸਤੇ ਇਕੱਠਾ ਕੀਤਾਂ। ਗੁਰਦਵਾਰਾ ਕਮੇਟੀ ਨੇ ਵੀ ਵਕੀਲ ਕੀਤੇ ਕਿ ਅਸੀ ਆਵਦੇ ਭਰਾਵਾਂ ਨੂੰ ਵਾਪਸ ਨਹੀ ਜਾਣ ਦੇਣਾਂ ਪਰ ਕਨੇਡਾ ਗੌਰੰਮਿੰਟ ਨੇ 'ਕਾਮਾ ਗਾਟਾ ਮਾਰੂ ਜਹਾਜ ਨੂੰ ਟੋ ਕਰਕੇ ਇੰਡੀਆ ਵੱਲ ਤੋਰਨ ਦੀ ਕੋਸ਼ਿਸ਼ ਕੀਤੀ ਟੋ ਵਾਲਾ ਜਹਾਜ ਆ ਗਿਆ। ਤਾਂ 'ਕਾਂਮਾਂ ਗਾਟਾ ਮਾਰੂ' ਦੇ ਯਾਤਰੀ ਭੜਕ ਪਏ ਤੇ। ਭੜਕੇ ਤਾਂ ਇਹ ਪਹਿਲਾਂ ਹੀ ਸਨ ਟੋ ਵਾਲੀ ਕਾਰਵਾਈ ਨੇ ਹੋਰ ਬਲਦੀ ਤੇ ਤੇਲ ਪਾ ਦਿੱਤਾ। ਗੁੱਸੇ ਹੋਏ ਮੁਸਾਫਰਾਂ ਨੇ ਜਹਾਜ ਦੇ ਕੋਲੇ ਤੇ ਇੱਟਾਂ ਰੋੜੇ ਟੋ ਵਾਲਿਆਂ ਨੂੰ ਮਾਰਨੇ ਸੁਰੂ ਕਰ ਦਿੱਤੇ। ਜੋ ਵੀ ਜਹਾਜ ਵਾਲਿਆਂ ਨੂੰ ਮਿਲਿਆ ਉਹੋ ਟੋ ਕਰਨ ਵਾਲੇ ਜਹਾਜ ਵੱਲ ਮਾਰਨਾ ਸੁਰੂ ਕਰ ਦਿੱਤਾ। ਜੋ 1500 ਟਨ ਕੋਲਾ ਵੇਚਣ ਵਾਸਤੇ ਲਿਆ ਸੀ ਬਾਬਾ ਗੁਰਦਿਤ ਸਿੰਘ ਨੇ ਸੋਚਿਆ ਕਿ ਇਹ ਹੁਣ ਵਿਕਣਾਂ ਤਾਂ ਨਹੀ । ਹੁਣ ਇਸਤੋ ਹਥਿਆਰ ਦਾ ਕੰਮ ਲਵੋ ਸੋ ਜਹਾਜ ਵਿੱਚ ਕੋਲੇ ਗੋਰਿਆਂ ਦੇ ਮਾਰਨ ਵਾਸਤੇ ਆਮ ਸਨ ਕੁਛ ਆਦਮੀ ਗੋਰਿਆਂ ਤੇ ਕੋਲੇ ਚਲਾ ਚਲਾ ਕੇ ਮਾਰ ਰਹੇ ਸਨ ਤੇ ਕੁਛ ਆਦਮੀ ਭੱਜ ਭੱਜ ਕੇ ਕੋਲੇ ਜਹਾਜ ਅੰਦਰੋ ਕੋਲਿਆ ਦੀ ਸਪਲਾਈ ਕਰ ਰਹੇ ਸਨ। ਤੇ ਇਹ ਬੇਪ੍ਰਵਾਹ ਹੋਕੇ ਕੋਲਿਆਂ ਨਾਲ ਗੋਰਿਆਂ ਤੇ ਹਮਲਾ ਕਰਦੇ ਰਹੇ। ਆਖਰ ਕਾਰ ਗੋਰੇ ਭੱਜ ਗਏ।
ਐਥੈ ਮੈਨੂੰ ਸ਼ਾਹ ਮੁਹੰਮਦ ਦੀਆਂ ਲਿਖੀਆਂ ਲਾਈਨਾਂ ਯਾਦ ਆ ਗਈਆਂ ਜੋ ਕਿ ਉਸਨੇ "ਜੰਗ ਸਿੰਘਾਂ ਤੇ ਅੰਗਰੇਜ਼ਾਂ" ਵਿੱਚ ਸਿੱਖਾਂ ਦੀ ਬਹਾਦਰੀ ਬਾਰੇ ਇਓ ਲਿਖਿਆ ਹੈ-
"*ਆਈਆ ਪਲਟਣਾਂ ਬੀੜ ਕੇ ਤੋਪਖਾਂਨੇ,ਅੱਗੋ ਸਿੰਘਾਂ ਨੇ ਪਾਸੜੇ ਤੋੜ ਸੁੱਟੇ।*
*ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,ਹੱਲੇ ਤਿੰਨ ਫਰੰਗੀਆ ਦੇ ਮੋੜ ਸੁੱਟੇ।*
*ਸ਼ਾਂਮ ਸਿੰਘ ਸਰਦਾਰ ਅਟਾਰੀ ਵਾਲੇ ਬੰਨ ਸ਼ਾਸ਼ਤਰੀ ਜੋੜ ਵਿਛੋੜ ਸੁੱਟੇ।*
*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ*"।
ਟੋ ਕਰਨ ਦੀ ਕਾਰਵਾਈ ਰੁਕ ਗਈ ਮੁਸਾਫਰਾਂ ਨੂੰ ਸੁਖ ਦਾ ਸਾਹ ਆਇਆ। ਦੂਜੇ ਦਿਨ ਫਿਰ ਇਹ ਖਬਰ ਅਖਬਾਰਾਂ ਦੀ ਹਿੱਡ ਲਾਈਨ ਗਈ ਹਿੰਦੋਸਤਾਨੀਆ ਨੇ ਕਾਮਾ ਗਾਟਾ ਮਾਰੂ ਜਹਾਜ ਨੂੰ ਟੋ ਕਰਨ ਆਏ ਗੋਰਿਆਂ ਨੂੰ ਇੱਟਾਂ ਰੋੜਿਆ ਨਾਲ ਹਮਲਾ ਕਰਕੇ ਖਦੇੜ ਦਿੱਤਾ। ਤੇ ਗੋਰਿਆਂ ਨੂੰ ਮੂੰਹ ਦੀ ਖਾਂਣੀ ਪਈ।
ਇਸ ਗਦਰ ਕਾਰਵਾਈ ਨੇ ਕਨੇਡਾ ਗੌਰਮਿੰਟ ਨੂੰ ਫਿਕਰਾਂ ਵਿੱਚ ਪਾ ਦਿੱਤਾ ਤੇ ਸੋਚਣ ਤੇ ਮਜਬੂਰ ਕਰ ਦਿੱਤਾ। ਵੈਨਕੋਵਰ ਦੇ ਪਾਣੀ ਵਿੱਚ ਜਹਾਜ ਲਗਤਾਰ ਦੋ ਮਹੀਨੇ ਖੜਾ ਰਿਹਾ। ਇਸ ਗਦਰ ਕਰਕੇ ਤੇ ਕਨੇਡਾ ਦੇ ਸਿੰਘਾਂ ਨੇ ਕਾਨੂੰਨੀ ਕਾਰਵਾਈ ਕਰਕੇ ਸਿਰਫ 24 ਬੰਦਿਆਂ ਨੂੰ ਕਨੇਡਾ ਵਿੱਚ ਵੜਨ ਦਾ ਹੁਕਮ ਦਿੱਤਾ ਬਾਕੀਆਂ ਨੂੰ 23 ਜੁਲਾਈ ਨੂੰ ਵਾਪਸ ਕਲਕੱਤੇ ਭੇਜ ਦਿੱਤਾ।

26 ਸਤੰਬਰ ਨੂੰ ਜਹਾਜ ਕਲਕੱਤੇ ਪਹੁੰਚ ਗਿਆ ਉਥੇ ਜਹਾਜ ਨੂੰ ਗੰਨ ਬੋਟ(ਬੰਦੂਕਾਂ ਵਾਲੀ ਕਿਸ਼ਤੀ) ਨੇ ਕੈਦ ਕਰ ਲਿਆ। ਤੇ ਕਿਹਾ ਤੇ ਕਲਕੱਤੇ ਤੋ 17 ਮੀਲ ਦੂਰ ਬਜ ਬਜ ਘਾਟ ਤੇ ਲਿਜਾ ਜਹਾਜ ਖੜਾ ਕਰ ਦਿੱਤਾ। ਤੇ ਹੁਕਮ ਕੀਤਾ ਸਾਰੇ ਰੇਲ ਗੱਡੀ ਵਿੱਚ ਬੈਠੋ ਤੁਹਾਨੂੰ ਪੰਜਾਬ ਭੇਜਣਾਂ ਹੈ ਤੇ ਜਹਾਜ ਤੋ ਉਤਾਰ ਲਏ। ਪਰ ਯਾਤਰੀ ਪੰਜਾਬ ਨਹੀ ਸਨ ਜਾਣਾਂ ਚਾਹੁੰਦੇ ਇੱਕ ਤਾਂ ਇਹਨਾਂ ਗੁਰੂ ਗ੍ਰੰਥ ਸਾਹਿਬ ਗੁਰਦਵਾਰੇ ਵਾਪਸ ਕਰਨਾਂ ਸੀ ਜੋ ਇਹ ਲੈਕੇ ਗਏ ਸਨ ਦੂਸਰਾ ਕਲਕੱਤੇ ਦੇ ਗਵਰਨਰ ਨੂੰ ਮਿਲਣਾਂ ਸੀ ਤੀਜਾ ਕਈਆਂ ਦਾ ਕਾਰੋਬਾਰ ਕਲਕੱਤੇ ਵਿੱਚ ਸੀ ਉਹ ਪੰਜਾਬ ਜਾਕੇ ਖੁਸ ਨਹੀ ਸਨ ਚੌਥਾਂ 9 ਮਹੀਨੇ ਜਹਾਜ ਵਿੱਚ ਰਹਿ ਕੇ ਕੱਪੜੇ ਪਾਟ ਗਏ ਸਨ ਜੁੱਤੀਆਂ ਟੁੱਟ ਗਈਆਂ ਸਨ। ਜੇਬਾਂ ਵੀ ਖਾਲੀ ਸਨ ਸੋਚਦੇ ਸੀ ਮਿਹਨਤ ਮਜਦੂਰੀ ਕਰਕੇ ਨਵੇ ਕੱਪੜੇ ਪਾਕੇ ਜਾਂਵਾਂਗੇ ਪਰ ਸਭ ਤੋ ਜਰੂਰੀ ਗੁਰੂ ਗ੍ਰੰਥ ਸਹਿਬ ਨੂੰ ਗੁਰਦਵਾਰਾ ਸਹਿਬ ਪਹੁੰਚਾਉਣਾਂ ਸੀ ਪਰ ਗੋਰੇ ਨਹੀ ਮੰਨੇ ਗੋਰਿਆਂ ਨੂੰ ਕੋਈ ਪ੍ਰਵਾਹ ਨਹੀ ਸੀ ਕਿ ਇਹ ਕੀ ਚਾਹੁੰਦੇ ਹਨ। ਜਦੋ ਰੇਲ ਗੱਡੀ ਵਿੱਚ ਬੈਠਣ ਬਾਬੇ ਗੁਰਦਿੱਤ ਸਿੰਘ ਨੇ ਇਨਕਾਰ ਕਰ ਦਿੱਤਾ ਤਾਂ ਗੋਰਿਆਂ ਨੇ ਕਿਹਾ ਵਾਪਸ ਜਹਾਜ ਵਿੱਚ ਚੜੋ ਤਾਂ ਬਾਬੇ ਨੇ ਵਾਪਸ ਜਹਾਜ ਚੜਨ ਤੋ ਕੋਰਾ ਜਵਾਬ ਦੇ ਦਿੱਤਾ । ਫਿਰ ਇੱਕ ਪੁਲੀਸ ਵਾਲੇ ਨੇ ਬਾਬਾ ਗੁਰਦਿੱਤ ਸਿੰਘ ਦੇ ਡੰਡਾ ਮਾਰਿਆ ਤਾਂ ਸਾਰੇ ਯਾਤਰੀਆਂ ਨੇ ਵਿਰੋਧ ਕੀਤਾ ਤਾਂ ਪੂਲੀਸ ਨੇ ਫਾਇਰ ਖ੍ਹੋਲ ਦਿੱਤਾ ਜਿਸ ਵਿੱਚ 20 ਬੰਦੇ ਮਾਰੇ ਗਏ 9 ਜ਼ਖਮੀ ਹੋ ਗਏ। ਬਾਬਾ ਅਮਰ ਸਿੰਘ ਨਿਹੰਗ ਨੂੰ ਕੈਦ ਕਰ ਲਿਆ ਗਿਆ ਤੇ ਜ੍ਹੇਲ ਵਿੱਚ ਕੁੱਟ ਕੁੱਟ ਕੇ ਮਾਰ ਦਿੱਤਾ। ਉਦੋ ਨਿਹੰਗ ਸਿੰਘ ਵੀ ਸਿੱਖੀ ਸਿਦਕ ਦੇ ਪੂਰੇ ਸਨ ਅੱਜ ਦੇ ਨਿਹਿੰਗ 'ਪੂਹਲੇ' ਵਗਰੇ ਨਹੀ ਸਨ। ਸਾਰਿਆਂ ਨੂੰ 'ਬਜ ਬਜ ਘਾਟ' ਤੋ ਬੰਦੀ ਬਣਾਂ ਕੇ ਪੰਜਾਬ ਭੇਜ ਦਿੱਤੇ। ਪਰ ਬਾਬਾ ਗੁਰਦਿੱਤ ਸਿੰਘ ਕਿਵੇ ਨਾਂ ਕਿਵੇ ਪੁਲੀਸ ਦੇ ਘੇਰੇ ਨੂੰ ਤੋੜ ਕੇ ਬਚ ਨਿਕਲਣ ਵਿੱਚ ਕਾਮਯਾਬ ਹੋ ਗਿਆ। ਤੇ ਰੂਹ ਪੋਸ਼ ਹੋ ਗਿਆ, 1922 ਤੱਕ ਰੂਹ ਪੋਸ਼ ਹੋਇਆ ਰਿਹਾ। ਮਤਲਬ 8 ਸਾਲ ਅੰਡਰ ਗ੍ਰਾਊਡ ਰਿਹਾ। ਪਰ ਮਹਾਤਮਾਂ ਗਾਂਧੀ ਦੇ ਕਹਿਣ ਤੇ ਪੁਲੀਸ ਦੇ ਪੇਸ਼ ਹੋ ਗਿਆ। ਊਸਨੂੰ 5 ਸਾਲ ਦੀ ਕੈਦ ਹੋਈ । ਕੈਦ ਕੱਟਣ ਤੋ ਬਾਅਦ ਬਾਬਾ ਗੁਰਦਿੱਤ ਸਿੰਘ ਜੀ ਕਿੱਥੇ ਰਹੇ ਤੇ ਕਿਵੇ ਰਹੇ ਦੁੱਖ ਵਿੱਚ ਰਹੇ ਜਾਂ ਸੁੱਖ ਵਿੱਚ,ਹਾਂਗ ਕਾਂਗ ਦੁਬਾਰਾ ਆਏ ਕਿ ਨਹੀ, ਇਸ ਬਾਰੇ ਮੈਨੂੰ ਕੁਛ ਪਤਾ ਨਹੀ,ਪਰ ਮੈਨੂੰ ਐਨਾਂ ਪਤਾ ਹੈ ਕਿ ਉਹ ਮਹਾਨ ਯੋਧਾ 24-7-1954 ਨੂੰ ਇਸ ਦੁਨੀਆਂ ਨੂੰ ਆਖਰੀ ਫਤਹਿ ਗਜਾ ਕੇ ਤੁਰ ਗਿਆ ।

ਪਰ ਮੈਨੂੰ ਬਹੁਤ ਅਫਸੋਸ ਨਾਲ ਲਿਖਣਾਂ ਪੈਦਾ ਹੈ ਕਿ ਹਰ ਘਰ ਵਿੱਚ ਡੇਰੇ ਵਾਲੇ ਬਾਬਿਆਂ ਦੀਆਂ ਫੋਟੋਆਂ ਹਨ ਪੁਛਣ ਤੇ ਪਤਾ ਲਗਦਾ ਹੈ ਤੇ ਘਰ ਵਾਲੇ ਬੜੇ ਚਾਅ ਨਾਲ ਦਸਦੇ ਹਨ ਕਿ ਆਹ ਬਾਬਾ ਚੂਰੀ ਵਾਲਾ ਤੇ ਔਹ ਬਾਬਾ ਕਤੂਰੀ ਵਾਲਾ ਆਹ ਬਾਬਾ ਮੋਗੇ ਵਾਲਾ ਤੇ ਔਹ ਬਾਬਾ ਘੋਗੇ ਵਾਲਾ। ਔਹ ਬਾਬਾ ਹੈ ਸਰਸੇ ਵਾਲਾ ਆਹ ਬਾਬਾ ਬਰਛੇ ਵਾਲਾ। ਪਰ ਬਾਬਾ ਗੁਰਦਿੱਤ ਸਿੰਘ ਜੀ ਦੀ ਫੋਟੋ ਕਿਸੇ ਘਰ ਨਹੀ ਜਿਸਨੇ ਹਾਂਗ ਕਾਂਗ ਗੁਰਦਵਾਰਾ ਸਹਿਬ ਨੂੰ ਇਤਹਾਸਕ ਗੁਰਦਵਾਰਾ ਸਹਿਬ ਬਣਾਂ ਦਿੱਤਾ ਤੇ ਸਾਡੇ ਵਾਸਤੇ ਕਨੇਡਾ ਦਾ ਰਾਹ ਖ੍ਹੋਲਿਆ।
ਕਾਂਮਾ ਗਾਟਾ ਮਾਰੂ ਨੂੰ ਵਾਪਸ ਮੋੜਨ ਤੇ ਅਪ੍ਰੈਲ 2008 ਨੂੰ ਐਮ ਪੀ ਡਾਕਟਰ ਰੁਬੀ ਨੇ ਮੁਆਫੀ ਮੰਗੀ। ਬ੍ਰਿਟਿਸ਼ ਕੋਲੰਬੀਆਂ ਦੇ ਪ੍ਰਧਾਂਨ ਮੰਤਰੀ 'ਸਟੀਫਨ ਹਾਰਫਰ' ਨੇ ਸਿੱਖਾਂ ਕੋਲੋ ਮੁਆਫੀ ਮੰਗੀ। 3 ਅਗਸਤ 2008 ਬ੍ਰਿਟਿਸ਼ ਕੋਲੰਬੀਆ ਦਿ ਗੌਰਮਿੰਟ ਨੇ ਹਰ ਇੱਕ ਤੋ ਮਆਫੀ ਮੰਗੀ ਕਿ ਸਾਨੂੰ ਕਾਂਮਾਂ ਗਾਟਾ ਮਾਰੂ ਦੇ ਮੁਸਾਫਰਾਂ ਨਾਲ ਬਦਸਲੂਕੀ ਨਹੀ ਸੀ ਕਰਨੀ ਚਾਹੀਦੀ। ਕਿਉਕਿ ਉਹ ਦੇਖ ਰਹੇ ਹਨ ਕਿ ਇਹ ਇੱਕ ਮਿਨੀ ਪੰਜਾਬ ਹੈ ,ਜੇ ਇਹ ਮਿਨੀ ਪੰਜਾਬ ਹੀ ਬਣਨਾ ਸੀ ਤਾਂ ਅਸੀ ਕਿਉ 'ਕਾਂਮਾਂਗਾਟਾ ਮਾਰੂ' ਦੇ ਮੁਸਾਫਰਾਂ ਵਾਪਸ ਭੇਜ ਕੇ ਵਿਚਾਰਿਆਂ ਨੂੰ ਕਲਕੱਤੇ ਦੇ 'ਬਜ ਬਜ ਘਾਟ' ਤੇ ਗੋਲੀਆਂ ਦਾ ਨਿਸ਼ਾਨਾਂ ਬਣਵਾਇਆ!